# शान द्वारे दी

ਸ਼ਾਨ ਦਵਾਰੇ ਦੀ,,, ਜੈ ਹੋ ॥, ਸਭਨਾਂ ਦੇ ਦਿਲ ਨੂੰ ਭਾਵੇ।
ਅਜ਼ਬ ਨਜ਼ਾਰੇ ਦੀ,,, ਜੈ ਹੋ ॥, ਸਿਫ਼ਤ ਕਰੀ ਨਾ ਜਾਵੇ।
ਸ਼ਾਨ ਦਵਾਰੇ ਦੀ,,, ਜੈ ਹੋ ॥, ਸਭਨਾਂ ਦੇ ਦਿਲ,,,,,,,,,,,,,F

ਮਾਂ ਆਜਾ ਕਰਕੇ, ਸ਼ੇਰ ਸਵਾਰੀ, "ਭਗਤ ਬੇਨਤੀ ਕਰਦੇ"।
ਸੁਣ ਲੈ ਅਰਜ਼ਾਂ, ਮਾਤ ਸ਼ਾਰਦਾ, "ਦੁੱਖ ਸਭਨਾਂ ਦੇ ਹਰਦੇ" ॥
ਓ ਸੰਗਤ ਲੈ ਕੇ, ਆਈ ਆਸਾਂ, ਚਰਣੀ ਧਿਆਨ ਲਗਾਵੇ*,,,
ਸ਼ਾਨ ਦਵਾਰੇ ਦੀ,,, ਜੈ ਹੋ ॥, ਸਭਨਾਂ ਦੇ ਦਿਲ,,,,,,,,,,,,,F

ਆਏ ਦੀਵਾਨੇ, ਨਾਮ ਤੇਰੇ ਦੇ, "ਦਰ ਤੇ ਖੜੇ ਭਵਾਨੀ"।
ਚਰਨਾਂ ਵਿੱਚ, ਬਿਠਾ ਲੈ ਨੀ ਅੰਮੀਏ, "ਸਫ਼ਲ ਹੋਵੇ ਜ਼ਿੰਦਗਾਨੀ" ॥
ਓ ਦੁੱਖ ਭੰਜਨੀ, ਮਾਂ ਆਦਿ ਕੁੰਵਾਰੀ, ਕਸ਼ਟ ਕਲੇਸ਼ ਮਿਟਾਵੇ*,,,
ਸ਼ਾਨ ਦਵਾਰੇ ਦੀ,,, ਜੈ ਹੋ ॥, ਸਭਨਾਂ ਦੇ ਦਿਲ,,,,,,,,,,,,,F

ਆ ਗਏ ਦਰ ਤੇ, ਅਸ਼ਟ ਭੁਜੀ ਮਾਂ, "ਚੋਲਾ ਤਾਂ ਲੈ ਕੇ ਸੂਹਾ"।
ਅੱਤਰ ਫ਼ੁਲੇਲਾਂ, ਛਿੜਕਾਂ ਦਵਾਰੇ, "ਭਵਨਾਂ ਦਾ ਖੋਲ੍ਹੀ ਬੂਹਾ" ॥
ਆਇਆ ਕਰਮਾ, ਦਰ ਤੇਰੇ ਤੇ, ਭੇਟ ਸਿਕੰਦਰ ਗਾਵੇ*,,,
ਸ਼ਾਨ ਦਵਾਰੇ ਦੀ,,, ਜੈ ਹੋ ॥, ਸਭਨਾਂ ਦੇ ਦਿਲ,,,,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/27653/title/shaan-dware-di

अपने Android मोबाइल पर BhajanGanga App डाउनलोड करें और भजनों का आनंद ले |